9

# ਉਤਸਵ



ਭਾਰਤੀ ਕੈਲੰਡਰ ਦੇ ਅਨੁਸਾਰ, ਮਕਰ ਸੰਕ੍ਰਾਂਤੀ, ਪੋਂਗਲ, ਬੀਹੂ ਅਤੇ ਲੋਹੜੀ ਵਰਗੇ ਉਤਰਾਇਣ ਦੇ ਤਿਉਹਾਰ ਸਰਦੀਆਂ ਤੋਂ ਗਰਮੀਆਂ ਵਿੱਚ ਤਬਦੀਲੀ ਦੀ ਸ਼ੁਰੂਆਤ ਨੂੰ ਦਰਸਾਉਂਦੇ ਹਨ। ਜਸ਼ਨ ਧੁੱਪ ਵਾਲ਼ੇ ਦਿਨਾਂ ਦੀ ਵਾਪਸੀ ਅਤੇ ਵਾਢੀ ਦੇ ਮੌਸਮ ਦੀ ਸ਼ੁਰੂਆਤ ਨੂੰ ਪ੍ਰਗਟਾਉਂਦੇ ਹਨ। ਬੱਚਿਆਂ ਦੁਆਰਾ ਆਪਣੇ ਪਰਿਵਾਰਾਂ ਨਾਲ਼ ਮਨਾਏ ਜਾਂਦੇ ਵੱਖ-ਵੱਖ ਸਥਾਨਕ ਤਿਉਹਾਰਾਂ ਬਾਰੇ ਚਰਚਾ ਕਰੋ। ਤਸਵੀਰ ਹਰੇਕ ਜਸ਼ਨ ਦੇ ਮੁੱਖ ਤੱਤਾਂ ਅਤੇ ਵੱਖ-ਵੱਖ ਆਕ੍ਰਿਤੀਆਂ ਅਤੇ ਪੈਟਰਨ ਨੂੰ ਵੀ ਉਜਾਗਰ ਕਰਦੀ ਹੈ, ਜਿਨ੍ਹਾਂ ਬਾਰੇ ਬੱਚਿਆਂ ਨਾਲ਼ ਚਰਚਾ ਕੀਤੀ ਜਾ ਸਕਦੀ ਹੈ।



© NCERT not to be republished



© NCERT not to be republished

## ਪੈਟਰਨ ਨੂੰ ਅੱਗੇ ਵਧਾਉ ।

A. 

B. 

C. 

D. 

E. 

F. 

G. 

H. 

ਬੱਚਿਆਂ ਨੂੰ ਪੈਟਰਨ ਬਣਾਉਣ ਲਈ ਠੋਸ ਵਸਤੂਆਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ ।



© NCERT not to be republished



## ਆਓ ਕਰੀਏ

ਮੁੰਨਾ  ਨੂੰ ਰੰਗਾਂ ਦਾ ਬਹੁਤ ਸ਼ੌਕ ਹੈ । ਉਸ ਨੇ ਆਪਣੇ ਅੰਗੂਠੇ ਅਤੇ ਉਂਗਲਾਂ ਦੀ ਛਾਪ ਦੀ ਵਰਤੋਂ ਕਰਕੇ ਇੱਕ ਪੈਟਰਨ ਬਣਾਇਆ । ਤੁਸੀਂ ਵੀ ਦਿੱਤੀ ਗਈ ਥਾਂ ‘ਤੇ ਅੰਗੂਠੇ ਅਤੇ ਉਂਗਲਾਂ ਦੀ ਛਾਪ ਦੀ ਵਰਤੋਂ ਕਰਕੇ ਇਸ ਤਰ੍ਹਾਂ ਦਾ ਪੈਟਰਨ ਬਣਾ ਸਕਦੇ ਹੋ ।















**ਗੁਲਾਬੀ ਤੋਂ ਬਾਅਦ ਕਿਹੜਾ ਰੰਗ ਆਉਣਾ ਚਾਹੀਦਾ ਹੈ ਅਤੇ ਕਿਉਂ ? ਚਰਚਾ ਕਰੋ।**

ਬੱਚਿਆਂ ਨੂੰ ਵੱਖ-ਵੱਖ ਸਬਜ਼ੀਆਂ ਇਕੱਠੀਆਂ ਕਰਨ ਅਤੇ ਵੱਡਿਆਂ ਦੀ ਮਦਦ ਨਾਲ਼ ਟੁਕੜਿਆਂ ਵਿੱਚ ਕੱਟਣ ਲਈ ਕਹੋ । ਆਪਣੀ ਪਸੰਦ ਦਾ ਪੈਟਰਨ ਬਣਾਉਣ ਲਈ ਇਹਨਾਂ ਸਬਜ਼ੀਆਂ ਦੇ ਕੱਟੇ ਹੋਏ ਟੁਕੜਿਆਂ ਦੀ ਵਰਤੋਂ ਕਰੋ ।



© NCERT not to be republished

ਪੈਟਰਨ ਨੂੰ ਸਮਝੋ ਅਤੇ ਰੰਗ ਭਰ ਕੇ ਇਸ ਨੂੰ ਅੱਗੇ ਵਧਾਓ ।



ਪੈਟਰਨ ਨੂੰ ਪੂਰਾ ਕਰੋ ।



© NCERT not to be republished

ਪੈਟਰਨ ਦਾ ਅਧਿਐਨ ਕਰੋ ਅਤੇ ਖਾਲੀ ਸਥਾਨਾਂ ਵਿੱਚ ਸੰਖਿਆਵਾਂ ਨੂੰ ਭਰੋ ।



















© NCERT not to be republished

ਮੁਰਥੀ ਅਤੇ ਵਾਣੀ 'ਕੋਲਮ' ਜਾਂ 'ਰੰਗੋਲੀ' ਬਣਾਉਣ ਵਿਚ ਆਪਣੀ ਅੰਮਾ ਦੀ ਮਦਦ ਕਰ ਰਹੇ ਹਨ । ਤੁਸੀਂ ਵੀ ਹੇਠਾਂ ਦਿੱਤੇ ਕੋਲਮ ਨੂੰ ਪੂਰਾ ਕਰਕੇ ਉਹਨਾਂ ਦੀ ਮਦਦ ਕਰ ਸਕਦੇ ਹੋ ।





## ਪਰਿਯੋਜਨਾ ਕਾਰਜ

ਕੰਕਰ, ਫੁੱਲ, ਪੱਤੇ, ਗਲਾਸ, ਕਟੋਰੇ, ਸਟਿਕਸ, ਚੂੜੀਆਂ, ਸਿੱਕੇ, ਟੋਪੀਆਂ ਆਦਿ ਨੂੰ ਇਕੱਠਾ ਕਰੋ ਅਤੇ ਉਹਨਾਂ ਨੂੰ ਇੱਕ ਪੈਟਰਨ ਵਿੱਚ ਵਿਵਸਥਿਤ ਕਰੋ । ਗਹਿਣਿਆਂ, ਫੁੱਲਦਾਰ ਪੋਟ, ਕਲਾ ਦੇ ਸ਼ੋਅਪੀਸ ਆਦਿ ਦੇ ਵੱਖ-ਵੱਖ ਨਮੂਨੇ ਬਣਾਓ।

ਕੁਦਰਤ ਦੇ ਨਮੂਨੇ ਵੇਖੋ ਅਤੇ ਲੱਭੋ; ਜਿਵੇਂ ਕਿ ਪੱਤੇ, ਤਿਤਲੀ, ਜਾਨਵਰਾਂ ਦੀ ਚਮੜੀ (ਬਿੱਲੀ, ਕੁੱਤਾ, ਜ਼ੈਬਰਾ, ਟਾਈਗਰ), ਪਰਦੇ, ਸਾੜੀਆਂ, ਦੁਪੱਟੇ, ਟਾਈਲਾਂ, ਸ਼ਹਿਦ ਦੀ ਮੱਖੀ ਦਾ ਛੱਤਾ ਆਦਿ ।

ਆਪਣੇ ਆਲ਼ੇ-ਦੁਆਲ਼ੇ ਦਿਖਾਈ ਦੇਣ ਵਾਲ਼ੀਆਂ ਵੱਖ-ਵੱਖ ਵਸਤੂਆਂ ਨੂੰ ਇਕੱਠਾ ਕਰੋ ਅਤੇ ਕੋਲਾਜ ਬਣਾਓ ।

ਤੁਸੀਂ ਵੱਖ-ਵੱਖ ਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਪੈਟਰਨ ਬਣਾ ਸਕਦੇ ਹੋ; ਜਿਵੇਂ ਕਿ ਤਾੜੀ ਵਜਾਉਣਾ, ਚੁਟਕੀ ਵਜਾਉਣਾ ਅਤੇ ਪੈਰਾਂ ਨਾਲ਼ ਖੜਾਕ ਕਰਨਾ ਆਦਿ ।



ਸਾਡੇ ਆਲ਼ੇ-ਦੁਆਲ਼ੇ ਦੀ ਦੁਨੀਆਂ ਆਕਾਰਾਂ ਨਾਲ਼ ਭਰੀ ਹੋਈ ਹੈ । ਬੱਚਿਆਂ ਨੂੰ ਮੰਦਰਾਂ, ਮਸਜਿਦਾਂ, ਚਰਚ, ਗੁਰਦੁਆਰਿਆਂ ਅਤੇ ਉਹਨਾਂ ਦੇ ਆਲ਼ੇ-ਦੁਆਲ਼ੇ ਦੇ ਸਮਾਰਕਾਂ ਵਿੱਚ ਸੁੰਦਰ ਨਮੂਨਿਆਂ ਦੀ ਪੜਚੋਲ ਕਰਕੇ ਭਾਰਤ ਦੀ ਅਮੀਰ ਵਿਰਾਸਤ ਦੀ ਕਦਰ ਕਰਨ ਲਈ ਉਤਸ਼ਾਹਿਤ ਕਰੋ । ਉਹਨਾਂ ਨੂੰ ਕਲਾ ਤੇ ਨਾਚ ਦੀਆਂ ਵੱਖ-ਵੱਖ ਮੁਦਰਾਵਾਂ ਦੇ ਨਮੂਨਿਆਂ ਵਿੱਚ ਪੈਟਰਨਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਵੀ ਕਹੋ ।





© NCERT not to be republished